# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ
# ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

**ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।**

---

ਵੱਲ

1 ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ਼ਸਿ਼)
2 ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ
3 ਸਮੂਹ ਜ਼ਿਲ੍ਹਾ ਮੈਥ ਕੋਆਰਡੀਨੇਟਰ
4 ਸਮੂਹ ਸਕੂਲ ਮੁੱਖੀ (ਵੈੱਬਸਾਈਟ ਰਾਹੀਂ)

ਮੀਮੋ ਨੰ: ਸਸਅ/ਐਮਸੀ/2010/
ਮਿਤੀ, ਚੰਡੀਗੜ੍ਹ

ਹਵਾਲਾ :- ਐਸਐਸਏ/ਐਮਸੀ/2010/66244-304 ਮਿਤੀ 25-10-10

**ਵਿਸ਼ਾ:- ਅੱਪਰ ਪ੍ਰਾਇਮਰੀ ਸਕੂਲਾਂ ਵਿੱਚ ਪਹਾੜਿਆਂ ਨੂੰ ਯਾਦ ਕਰਵਾਉਣ ਬਾਰੇ ।**

1.0 ਉਪਰੋਕਤ ਹਵਾਲਾ ਅਧੀਨ ਵਿਸ਼ੇ ਦੇ ਸਬੰਧ ਵਿੱਚ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ।

2.0 ਸਮੇਂ ਸਮੇਂ ਤੇ ਇਸ ਦਫਤਰ ਵੱਲੋਂ ਨਿਰੀਖਣ ਦੌਰਾਨ ਪਾਇਆ ਗਿਆ ਹੈ ਕਿ ਅੱਪਰ ਪ੍ਰਾਇਮਰੀ ਸਕੂਲਾਂ ਵਿੱਚ ਵਿਸ਼ੇਸ਼ ਕਰਕੇ ਛੇਵੀਂ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਪਹਾੜੇ ਘੱਟ ਆਉਂਦੇ ਹਨ, ਜਿਸ ਕਾਰਨ ਉਹ ਮੈਥ ਵਿਸ਼ੇ ਵਿੱਚ ਕਮਜ਼ੋਰ ਹੋ ਜਾਂਦੇ ਹਨ ਅਤੇ ਮੈਥ ਵਿਸ਼ੇ ਵਿੱਚ ਵਿਦਿਆਰਥੀਆਂ ਦਾ ਰੁਝਾਨ ਘੱਟ ਹੋ ਜਾਂਦਾ ਹੈ।ਇਸ ਲਈ ਇਸ ਦਫਤਰ ਵੱਲੋਂ ਹਦਾਇਤ ਕੀਤੀ ਜਾਂਦੀ ਹੈ ਕਿ ਛੇਵੀਂ ਜਮਾਤ ਤੋਂ ਅੱਠਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੂੰ ਛੇਵੀਂ ਜਮਾਤ ਨੂੰ 20 ਤੱਕ ਦੂਹਰੇ ਪਹਾੜੇ, ਸੱਤਵੀਂ ਜਮਾਤ ਨੂੰ 30 ਤੱਕ ਦੂਹਰੇ ਪਹਾੜੇ ਅਤੇ ਅੱਠਵੀਂ ਜਮਾਤ ਨੂੰ 35 ਤੱਕ ਦੂਹਰੇ ਪਹਾੜੇ ਜਰੂਰ ਆਉਣੇ ਚਾਹੀਦੇ ਹਨ । ਇਸ ਤੋਂ ਇਲਾਵਾ ਸੱਤਵੀਂ ਜਮਾਤ ਨੂੰ 20 ਤੱਕ ਪਹਿਲੀਆਂ ਪ੍ਰਾਕਿਤਿਕ ਸੰਖਿਆਵਾਂ ਦੇ ਵਰਗ ਅਤੇ ਅੱਠਵੀਂ ਜਮਾਤ ਨੂੰ 20 ਤੱਕ ਸੰਖਿਆਵਾਂ ਦੇ ਵਰਗ ਤੋਂ ਇਲਾਵਾ ਘਣ ਜੁਬਾਨੀ ਜਰੂਰ ਆਉਣਾ ਲਾਜ਼ਮੀ ਹੈ ।

3.0 ਗਣਿਤ ਪ੍ਰੋਜੈਕਟ ਦੇ ਗੁਣਾਤਮਕ ਸੁਧਾਰ ਹੇਠ ਮਿਥੇ ਗਏ ਟੀਚਿਆਂ ਵਿੱਚ ਨਵੰਬਰ 2010 ਤੱਕ ਦਾ ਇਹ ਵਿਸ਼ੇਸ਼ ਟੀਚਾ ਹੈ।ਇਸ ਸਬੰਧੀ ਛੇਤੀ ਹੀ ਹੈੱਡਆਫਿਸ ਵਲੋਂ ਅੱਪਰ ਪ੍ਰਾਇਮਰੀ ਸਕੂਲਾਂ ਵਿੱਚ ਪੜ੍ਹਦੇ ਛੇਵੀਂ ਤੋਂ ਅੱਠਵੀਂ ਤੱਕ ਦੇ ਵਿਦਿਆਰਥੀਆਂ ਦਾ ਪਹਾੜਿਆਂ ਦਾ ਮੁਕਬਾਲਾ ਕਰਵਾਇਆ ਜਾਵੇਗਾ ।

4.0 ਇਸ ਲਈ ਜੇਕਰ ਸਵੇਰ ਦੀ ਸਭਾ ਵਿੱਚ ਸਮਾਂ ਮਿਲੇ ਜਾਂ ਗਣਿਤ ਅਧਿਆਪਕ ਦੁਆਰਾ ਆਪਣੇ ਪੀਰਿਅਡ ਵਿੱਚ ਹਫਤੇ ਦੇ ਕਿਸੇ ਇੱਕ ਦਿਨ, ਇਨ੍ਹਾਂ ਪਹਾੜਿਆਂ ਨੂੰ ਵਿਦਿਆਰਥੀਆਂ ਤੋਂ ਜਰੂਰ ਬੁਲਾਵੇ।ਗਣਿਤ ਅਧਿਆਪਕ ਦੁਆਰਾ ਹਫਤੇ ਵਿੱਚ ਇੱਕ ਦਿਨ ਆਪਣੇ ਪੀਰੀਅਡ ਦੌਰਾਨ ਪਹਾੜਿਆਂ ਦਾ ਢੁੱਕਵਾਂ ਮੌਖਿਕ ਟੈਸਟ ਵੀ ਲਿਆ ਜਾਵੇ ।

5.0 ਆਪ ਨੂੰ ਲਿਖਿਆ ਜਾਂਦਾ ਹੈ ਕਿ ਉਪਰੋਕਤ ਸਬੰਧੀ ਸਬੰਧਤ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਜਾਣੂ ਕਰਵਾ ਦਿੱਤਾ ਜਾਵੇ ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ, ਚੰਡੀਗੜ੍ਹ ।**